ANNEXURE - 5

# ਦਫ਼ਤਰ ਮਿਉਂਸਪਲ ਕੌਂਸਲ, ਜ਼ੀਰਕਪੁਰ ਐਸ.ਏ.ਐਸ.ਨਗਰ

ਨੰਬਰ......914.....

ਮਿਤੀ.....6/6/14.........

ਸ਼੍ਰੀ..........TRISHLA Build Tech Pvt Ltd.......................

ਪੁੱਤਰ/ਪੁੱਤਰੀ ਸ਼੍ਰੀ..............Trishla City - Nabha...........................

ਪਤਾ...................................................................................

.........................................................................................

ਵਿਸ਼ਾ : ਇਮਾਰਤ ਦੀ ਉਸਾਰੀ ਦੀ ਪ੍ਰਵਾਨਗੀ।

ਆਪ ਦਾ ਨਕਸ਼ਾ ਨੰ:..........................ਮਿਤੀ..........................ਜੋ ਵਾਕਿਆ.......................................
......................................... ਦਾ ਉਸਾਰੀ ਦਾ ਸੀ ਦੇ ਸੰਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਦੀ ਬਿਲਡਿੰਗ ਉਸਾਰੀ ਦੀ ਪ੍ਰਵਾਨਗੀ ਮਿਉਂਸਪਲ ਕੌਂਸਲ, ਜ਼ੀਰਕਪੁਰ ਵੱਲੋਂ ਨਿਮਨ ਲਿਖਤ ਅਧਾਰ ਤੇ ਪ੍ਰਵਾਨ ਕਰ ਲਿਆ ਹੈ।

1. ਆਪਣੀ ਮਲਕੀਅਤ ਜਗ੍ਹਾ ਦੇ ਪ੍ਰਵਾਨ ਨਕਸ਼ੇ ਅਨੁਸਾਰ ਉਸਾਰੀ ਕਰੋਗੇ ਅਤੇ ਮਿਉਂਸਪਲ ਕੌਂਸਲ ਦੇ ਬਿਲਡਿੰਗ ਬਾਈਲਾਜ ਦੀ ਉਲੰਘਣਾ ਨਹੀਂ ਕਰੋਗੇ।
2. ਆਪਣੇ ਨਕਸ਼ੇ ਵਿਚ ਦੱਸੀ ਜਗ੍ਹਾ ਦੀ ਮਲਕੀਅਤ ਦਾ ਕੋਈ ਝਗੜਾ ਪੈਦਾ ਹੋਇਆ ਅਤੇ ਉਸ ਥਾਂ ਤੇਂ ਮਿਉਂਸਪਲ ਕੌਂਸਲ, ਜ਼ੀਰਕਪੁਰ ਜਾਂ ਸਰਕਾਰ ਦਾ ਕਬਜ਼ਾ ਸਾਬਤ ਹੋਇਆ ਤਾਂ ਉਸ ਦੀ ਸਾਰੀ ਜਿੰਮੇਵਾਰੀ ਆਪ ਦੀ ਹੋਵੇਗੀ ਅਤੇ ਜਗ੍ਹਾ ਬਿਨਾਂ ਮੁਆਵਜਾ ਦਿੱਤੇ ਖਾਲੀ ਕਰਨੀ ਪਵੇਗੀ। ਇਹ ਮੰਨਜੂਰੀ ਕੇਵਲ ਪੰਜਾਬ ਮਿਉਂਸਪਲ ਐਕਟ, 1911 ਅਤੇ ਧਾਰਾ 189 ਅਧੀਨ ਹੈ ਅਤੇ ਜ਼ਮੀਨ ਦੀ ਮਲਕੀਅਤ ਸਬੰਧੀ ਮੁੱਖ ਅਧਿਕਾਰਾਂ ਤੇ ਇਸ ਦਾ ਕੋਈ ਅਸਰ ਨਹੀਂ ਹੋਵੇਗਾ।
3. ਕੰਮ ਸ਼ੁਰੂ ਕਰਨ ਤੋਂ ਪਹਿਲਾਂ ਨਿਸ਼ਾਨ ਦੇਹੀ ਮਿਉਂਸਪਲ ਕੌਂਸਲ ਜ਼ੀਰਕਪੁਰ ਦੇ ਅਧਿਕਾਰੀ ਕਰਮਚਾਰੀ ਦੀ ਹਾਜ਼ਰੀ ਵਿਚ ਲਈ ਜਾਵੇ ਅਤੇ ਉਸਾਰੀ ਦੇ ਸਮੇਂ ਪ੍ਰਵਾਨ ਕੀਤੇ ਗਏ ਨਕਸ਼ੇ ਦੀ ਕਾਪੀ ਮੌਕੇ ਤੇ ਮੌਜੂਦ ਰੱਖੀ ਜਾਵੇ ਅਤੇ ਮਿਉਂਸਪਲ ਕੌਂਸਲ ਦੇ ਕਿਸੇ ਵੀ ਅਧਿਕਾਰੀ ਵੱਲੋਂ ਮੌਕੇ ਤੇ ਇਹ ਚੈਕ ਕੀਤੀ ਜਾ ਸਕਦੀ ਹੈ।
4. ਬਿਲਡਿੰਗ ਅਤੇ ਸਾਈਟ ਪਲਾਟ ਦੀ ਇੱਕ ਕਾਪੀ ਪ੍ਰਵਾਨਤ ਕਾਪੀ ਨਾਲ ਭੇਜੀ ਜਾਂਦੀ ਹੈ ਮੰਨਜੂਰੀ ਦੀ ਮਿਆਦ ਕੇਵਲ ਇੱਕ ਸਾਲ ਹੈ। ਜੇਕਰ ਮੰਨਜੂਰੀ ਤੋਂ ਇੱਕ ਸਾਲ ਦੇ ਅੰਦਰ ਉਸਾਰੀ ਨਹੀਂ ਕੀਤੀ ਜਾਂਦੀ ਤਾਂ ਮਨਜੂਰੀ ਬਿਨਾਂ ਨੋਟਿਸ ਤੋਂ ਰੱਦ ਹੋ ਜਾਵੇਗੀ।
5. ਮਕਾਨ ਦੀ ਉਸਾਰੀ ਸ਼ੁਰੂ ਕਰਨ ਦੀ ਲਿਖਤੀ ਸੂਚਨਾ ਫਾਰਮ-ਸ ਉਪਰ ਦੇਣੀ ਅਤਿ ਜ਼ਰੂਰੀ ਹੈ।
6. ਬਿਨੈਕਾਰ ਵੱਲੋਂ ਉਸਾਰੀ ਕਰਦੇ ਸਮੇਂ ਇਮਾਰਤ ਉੱਤੇ ਇੱਕ ਬੋਰਡ ਲਗਾਇਆ ਜਾਵੇਗਾ ਜਿਸ ਤੇ ਇਮਾਰਤ ਦਾ ਪਲਾਟ ਨੰਬਰ, ਮਾਲਕ ਦਾ ਨਾਮ ਅਤੇ ਉਸਾਰੀ ਦੀ ਸੁਪਰਵੀਜਨ ਕਰਨ ਵਾਲੇ ਆਰਕੀਟੈਕਟ / ਇੰਜੀਨੀਅਰ / ਡਰਾਫਟਸਮੈਨ /ਸਰਵੇਅਰ ਦਾ ਨਾਮ ਲਿਖਿਆ ਹੋਵੇ।
7. ਬਿਨੈਕਾਰ ਵੱਲੋਂ ਉਸਾਰੀ ਸਮੇਂ ਨੀਹਾਂ ਪੁੱਟਦੇ, ਨੀਹਾਂ ਭਰਨ, ਪਲਿੰਥ ਬਣਾਉਣ, ਪਹਿਲੀ ਮੰਜਿਲ ਅਤੇ ਹੋਰ ਮੰਜ਼ਿਲਾਂ ਉਸਾਰਨ ਅਤੇ ਇਮਾਰਤ ਦੀਉਸਾਰੀ ਮੁਕੰਮਲ ਹੋਣ ਅਤੇ ਰਿਹਾਇਸ਼ ਕਰਨ ਸਬੰਧੀ ਸਮੇਂ-ਸਮੇਂ ਸਿਰ ਸਰਟੀਫਿਕੇਟ ਉਸ ਅਧਿਕਾਰੀ ਤੋਂ ਦਿਵਾਇਆ ਜਾਵੇਗਾ, ਜਿਸ ਵੱਲੋਂ ਉਸ ਦੀ ਇਮਾਰਤ ਦੀ ਉਸਾਰੀ ਦੀ ਸੁਪਰਵੀਜਨ ਕੀਤੀ ਜਾ ਰਹੀ ਹੈ ਅਤੇ ਇਹ ਸਰਟੀਫਿਕੇਟ ਮਿਉਂਸਪਲ ਕੌਂਸਲ, ਜ਼ੀਰਕਪੁਰ ਵੱਲੋਂ ਤਸਦੀਕ ਕਰਨ ਤੇ ਗਲਤ ਪਾਏ ਜਾਣ ਦੀ ਸੂਰਤ ਵਿਚ ਬਿਨੈਕਾਰ ਨੂੰ ਦਿੱਤੀ ਗਈ ਪ੍ਰਵਾਨਗੀ ਰੱਦ ਸਮਝੀ ਜਾਵੇਗੀ।
8. ਬਿਨੈਕਾਰ ਮਿਉਂਸਪਲ ਕੌਂਸਲ ਤੋਂ ਬਿਨਾਂ ਆਕੂਪੇਸ਼ਨ ਸਰਟੀਫਿਕੇਟ ਲਿਆ ਬਿਲਡਿੰਗ ਦੀ ਵਰਤੋਂ ਨਹੀਂ ਕਰ ਸਕੇਗਾ।
9. ਬਿਨੈਕਾਰ ਨੂੰ ਜੇਕਰ ਮਿਉਂਸਪਲ ਕੌਂਸਲ, ਜ਼ੀਰਕਪੁਰ ਤੋਂ ਇਲਾਵਾ ਉਸਾਰੀ ਲਈ ਕਿਸੇ ਹੋਰ ਵਿਭਾਗ ਜਾਂ ਅਦਾਰੇ ਤੋਂ ਮਨੰਜੂਰੀ ਲੈਣ ਦੀ ਲੋੜ ਹੋਵੇ ਤਾਂ ਉਸ ਨੂੰ ਲੈਣ ਦੀ ਜਿੰਮੇਵਾਰੀ ਬਿਨੈਕਾਰ ਦੀ ਆਪਣੀ ਹੋਵੇਗੀ।

## ਜ਼ਰੂਰੀ ਨੋਟ

ਆਪ ਵੱਲੋਂ ਪ੍ਰਵਾਨ ਕੀਤੇ ਨਕਸ਼ੇ ਦੀ ਉਲੰਘਣਾ ਕਰਨ ਅਤੇ ਬਿਲਡਿੰਗ ਬਾਈਲਾਜ਼ ਦੀ ਉਲੰਘਣਾ ਕਰਨ ਜਾਂ ਨਗਰ ਕੌਂਸਲ ਜ਼ੀਰਕਪੁਰ ਨੂੰ ਗਲਤ ਜਾਣਕਾਰੀ ਦੇ ਕੇ ਨਕਸ਼ਾ ਪਾਸ ਕਰਵਾ ਲੈਣ ਦੀ ਸੂਰਤ ਵਿੱਚ ਬਿਨਾਂ ਕੋਈ ਨੋਟਿਸ ਦਿੱਤੇ ਆਪ ਜੀ ਦੀ ਇਹ ਮਨਜ਼ੂਰੀ ਰੱਦ ਕਰਨ ਦਾ ਅਧਿਕਾਰ ਨਗਰ ਕੌਂਸਲ, ਜ਼ੀਰਕਪੁਰ ਨੂੰ ਹੈ ਅਤੇ ਬਿਨੈਕਾਰ ਨਗਰ ਕੌਂਸਲ, ਜ਼ੀਰਕਪੁਰ ਤੋਂ ਕੋਈ ਵੀ ਮੁਆਵਜ਼ਾ ਨਹੀਂ ਵਸੂਲ ਕਰ ਸਕਦਾ।

ਨਗਰ ਕੌਂਸਲ, ਜ਼ੀਰਕਪੁਰ ਦੀ ਜਗ੍ਹਾ / ਸੜਕ ਉੱਤੇ ਕਿਸੇ ਪ੍ਰਕਾਰ ਦੀ ਇਨਕਰੋਚਮੈਂਟ ਕਰਨ ਦੀ ਪ੍ਰਵਾਨਗੀ ਨਹੀ ਹੈ। ਇਨਕਰੋਚਮੈਂਟ ਕਰਨ ਅਤੇ ਬਿਲਡਿੰਗ ਬਾਈਲਾਜ ਦੀ ਉਲੰਘਣਾ ਕਰਨ / ਗਲਤ ਬਿਆਨੀ ਕਰਨ ਦੀ ਸੂਰਤ ਵਿੱਚ ਨਾ ਕੇਵਲ ਪੰਜਾਬ ਮਿਉਂਸਪਲ ਐਕਟ ਅਨੁਸਾਰ ਕਾਰਵਾਈ ਕੀਤੀ ਜਾਵੇਗੀ ਬਲਕਿ ਧਾਰਾ ਦੀ ਨਿਆਮਤਾ ਅਧੀਨ ਬਣਦੀ ਕਾਰਵਾਈ ਕੀਤੀ ਜਾਵੇਗੀ ਜਿਸ ਦੇ ਹਰਜੇ ਖਰਚੇ ਦਾ ਬਿਨੈਕਾਰ ਖੁਦ ਜਿੰਮੇਵਾਰ ਹੋਵੇਗਾ।

ਕਾਰਜ ਸਾਧਕ ਅਫਸਰ<br>ਨਗਰ ਕੌਂਸਲ, ਜ਼ੀਰਕਪੁਰ

ਪਿੱਠ ਅੰਕਣ ਨੰ: ..........................................................................ਮਿਤੀ ..............................................

1. ਇਸ ਦਾ ਇੱਕ ਉਤਾਰਾ ਸ੍ਰੀ.............................................................................................................................. ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਿਉਂ ਜੋ ਉਕਤ ਨਕਸ਼ਾ ਆਪ ਵੱਲੋਂ ਤਿਆਰ ਕਰਕੇ ਪੇਸ਼ ਕੀਤਾ ਗਿਆ ਹੈ ਅਤੇ ਬਿਲਡਿੰਗ ਬਾਈਲਾਜ਼ ਅਨੁਸਾਰ ਇਸ ਬਿਲਡਿੰਗ ਦੀ ਉਸਾਰੀ ਦੀ ਨਿਗਰਾਨੀ ਆਪ ਵੱਲੋਂ ਕੀਤੀ ਜਾਣੀ ਹੈ ਇਸ ਲਈ ਰੂਲਜ਼ ਅਨੁਸਾਰ ਇਸ ਇਮਾਰਤ ਦੀ ਉਸਾਰੀ ਸਬੰਧੀ ਸਮੇਂ ਸਮੇਂ ਸਿਰ ਲੋੜੀਂਦੇ ਸਰਟੀਫਿਕਟ ਮਿਉਂਸਪਲ ਕੌਂਸਲ ਦੀ ਬਿਲਡਿੰਗ ਸ਼ਾਖਾ ਵਿੱਚ ਦਿੱਤੇ ਜਾਣ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਅਤੇ ਸਹੀ ਤੱਥ ਦਫਤਰ ਨੂੰ ਨਾ ਦੱਸਣ ਦੀ ਸੂਰਤ ਵਿੱਚ ਆਪ ਦੇ ਵਿਰੁੱਧ ਵੀ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਇਸ ਦਾ ਇੱਕ ਉਤਾਰਾ ਏ.ਟੀ.ਪੀ. / ਬਿਲਡਿੰਗ ਇੰਸਪੈਕਟਰ / ਡਰਾਫਟਸਮੈਨ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਹ ਉਕਤ ਦਰਸਾਈਆ ਗਈਆ ਸ਼ਰਤਾਂ ਦੀ ਪਾਲਣਾ ਕਰਵਾਉਣ ਲਈ ਕਾਰਵਾਈ ਕਰੇ।

ਕਾਰਜ ਸਾਧਕ ਅਫਸਰ<br>ਨਗਰ ਕੌਂਸਲ, ਜ਼ੀਰਕਪੁਰ